## 8

# ਯਿਸੂ ਧਰਤੀ ਤੇ ਕਿਉਂ ਆਇਆ?

ਤੁਸੀਂ ਆਪਣੇ ਸ਼ਹਿਰ ਦੀ ਸੜਕ ਕੰਢੇ ਟਹਿਲ ਰਹੇ ਹੋਵੋ ਅਤੇ ਕਿਸੇ ਅਖ਼ਬਾਰ ਦਾ ਰਿਪੋਰਟਰ ਆਣ ਕੇ ਤੁਹਾਥੋਂ ਪੁੱਛੇ ''ਤੁਹਾਡੇ ਖ਼ਿਆਲ 'ਚ ਦੁਨੀਆਂ ਦੇ ਸ਼ੁਰੂ ਤੋਂ ਲੈ ਕੇ ਹੁਣ ਤਕ ਦੀ ਸਭ ਤੋਂ ਵੱਡੀ ਘਟਨਾ ਕੀ ਹੋ ਸਕਦੀ ਹੈ?'' ਤਾਂ ਤੁਸੀਂ ਉਸ ਨੂੰ ਕੀ ਜਵਾਬ ਦਿਓਗੇ? ਮਨੁੱਖੀ ਇਤਿਹਾਸ ਵਿਚ ਐਨੀ ਵੱਡੀ ਘਟਨਾ ਕਿਹੜੀ ਹੋ ਸਕਦੀ ਹੈ? ਮੇਰਾ ਜਵਾਬ ਹੋਵੇਗਾ ਕਿ ਪ੍ਰਭੂ ਯਿਸੂ ਦਾ ਇਸ ਸੰਸਾਰ ਵਿਚ ਸਾਡਾ ਮੁਕਤੀ ਦਾਤਾ ਬਣ ਕੇ ਆਉਣਾ।

ਸੰਸਾਰ ਦੀ ਸਭ ਤੋਂ ਮਹੱਤਵਪੂਰਣ ਘਟਨਾ ਯਿਸੂ ਦਾ ਜੀਵਨ ਅਰਥਾਤ ਪ੍ਰਮੇਸ਼ਵਰ ਦੇ ਪੁੱਤਰ ਯਿਸੂ ਦਾ ਮਨੁੱਖ ਬਣਨਾ ਜਾਂ ਦੇਹਧਾਰੀ ਹੋਣਾ ਹੈ। ਪੌਲੁਸ ਨੇ ਲਿਖਿਆ ਹੈ ਕਿ ਭਾਵੇਂ ਯਿਸੂ ਪ੍ਰਮੇਸ਼ਵਰ ਸੀ ਤਾਂ ਵੀ ਉਹਨੇ ਪ੍ਰਮੇਸ਼ਵਰ ਬਣੇ ਰਹਿਣ ਨੂੰ ਕਬਜ਼ੇ ਦੀ ਗੱਲ ਨਾ ਜਾਣਿਆ। ''ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ'' (ਫ਼ਿਲਿੱਪੀਆਂ 2:7)। ਯੂਹੰਨਾ ਦੇ ਅਨੁਸਾਰ, ''ਸ਼ਬਦ ਦੇਹਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ'' (ਯੂਹੰਨਾ 1:14)।

ਅਸੀਂ ਆਖ ਸਕਦੇ ਹਾਂ ਕਿ *ਮਸੀਹ ਐਨਾ ਮਨੁੱਖ ਸੀ ਕਿ ਜਿਵੇਂ ਉਹ ਪ੍ਰਮੇਸ਼ਵਰ ਹੋਵੇ ਹੀ ਨਾ ਅਤੇ ਐਨਾ ਪ੍ਰਮੇਸ਼ਵਰ ਸੀ ਕਿ ਜਿਵੇਂ ਉਹ ਮਨੁੱਖ ਹੋਵੇ ਹੀ ਨਾ।* ਮਨੁੱਖ ਬਣਨ ਲਈ ਯਿਸੂ ਨੇ ਆਪਣੇ ਆਪ ਨੂੰ ਮਨੁੱਖ ਨਾਲ ਐਨਾ ਜੋੜ ਲਿਆ ਕਿ ਉਸ ਨੇ ਉਵੇਂ ਹੀ ਜਨਮ ਲਿਆ ਜਿਵੇਂ ਸਭ ਮਨੁੱਖ ਲੈਂਦੇ ਹਨ (ਲੂਕਾ 2:6), ਆਮ ਆਦਮੀ ਵਾਂਗ ਉਹਦਾ ਪਾਲਣ ਪੋਸ਼ਣ ਹੋਇਆ (ਲੂਕਾ 2:40), ਅਤੇ ਉਸ ਉੱਤੇ ਉਹੀ ਸਭ ਦੁੱਖ ਤਕਲੀਫ਼ਾਂ ਵੀ ਆਈਆਂ ਜਿਹੜੀਆਂ ਆਮ ਲੋਕਾਂ ਉੱਤੇ ਆਉਂਦੀਆਂ ਹਨ (ਇਬਰਾਨੀਆਂ 5:8, 9) ਅਤੇ ਉਹ ਇਸ ਸਰੀਰ ਵਿਚ ਰਿਹਾ ਜਿਸ ਉੱਤੇ ਦੁੱਖ, ਤਕਲੀਫ਼, ਬਿਮਾਰੀ, ਸਿਹਤ ਵਿਚ ਗਿਰਾਵਟ ਅਤੇ ਮੌਤ ਵੀ ਆ ਸਕਦੀ ਸੀ, ਇੱਥੋਂ ਤਕ ਕਿ ਉਸ ਨੂੰ ਆਦਮੀ ਵੀ ਸਲੀਬ ਉੱਤੇ ਮਾਰ ਸਕਦਾ ਸੀ (ਫ਼ਿਲਿੱਪੀਆਂ 2:8, 9)। ਉਹ ਪੂਰਣ (ਸਿੱਧ) ਮਨੁੱਖ ਸੀ, ਅਤੇ ਇਸ ਕਾਰਣ ਮਨੁੱਖ ਦਾ ਪੁੱਤਰ ਸੀ; ਤਾਂ ਵੀ ਉਹ ਪੂਰਣ (ਸਿੱਧ) ਪ੍ਰਮੇਸ਼ਵਰ ਸੀ ਅਤੇ ਇਸ ਕਾਰਣ ਪ੍ਰਮੇਸ਼ਵਰ ਦਾ ਪੁੱਤਰ ਸੀ (ਇਬਰਾਨੀਆਂ 2:14, 17, 18)। ਉਹ ਇੱਕੋ ਸ਼ਖ਼ਸੀਅਤ ਵਿਚ ਮਨੁੱਖ ਜਾਤੀ ਅਤੇ ਪ੍ਰਮੇਸ਼ਵਰ ਦਾ ਸੰਪੂਰਣ ਮੇਲ ਸੀ। ਉਹ ਆਪਣੀ ਖ਼ੁਦਾਈ ਨੂੰ ਕੁਰਬਾਨ ਕੀਤੇ ਬਗੈਰ ਮਨੁੱਖ ਬਣਿਆ ਭਾਵ ਸਾਡੇ ਵਰਗਾ ਬਣਨ ਦੇ ਬਾਵਜੂਦ ਵੀ ਉਹ ਖ਼ੁਦਾ ਹੀ ਸੀ।

ਯਿਸੂ ਦੇ ਧਰਤੀ ਤੇ ਆਉਣ ਦਾ ਢੰਗ ਕਈ ਸਵਾਲਾਂ ਨੂੰ ਜਨਮ ਦਿੰਦਾ ਹੈ: ਉਹ ਧਰਤੀ ਤੇ

ਇਸ ਤਰ੍ਹਾਂ ਕਿਉਂ ਆਇਆ? ਮਨੁੱਖ ਜਾਤੀ ਵਿਚ ਆ ਕੇ, ਉਹਦੇ ਨਾਲ ਰਹਿਣ ਅਤੇ ਸਲੀਬ ਤੇ ਮਰਨ ਵਿਚ ਉਹਦਾ ਕੀ ਮਕਸਦ ਸੀ? ਪ੍ਰਮੇਸ਼ਵਰ ਦਾ ਰੱਬੀ ਪੁੱਤਰ ਐਨਾ ਨੀਵਾਂ ਕਿਉਂ ਹੋ ਗਿਆ ਕਿ ਉਸਨੂੰ ਪੂਰੀ ਤਰ੍ਹਾਂ ਨਾਲ ਮਨੁੱਖ ਬਣਨ ਦੀ ਲੋੜ ਪੈ ਗਈ? ਇਨ੍ਹਾਂ ਸਭ ਸਵਾਲਾਂ ਦੇ ਜਵਾਬ ਸੰਖੇਪ ਵਿਚ ਇਸ ਵਾਕ ਵਿਚ ਦਿੱਤੇ ਜਾ ਸਕਦੇ ਹਨ: *''ਆਪਣੀ ਸੇਵਕਾਈ, ਮੌਤ ਅਤੇ ਜੀ ਉੱਠਣ ਦੇ ਰਾਹੀਂ ਉਹ ਆਪਣੇ ਨਾਮ ਲਈ ਲੋਕ ਸੱਦਣ ਲਈ ਆਇਆ ਜਿਨ੍ਹਾਂ ਨੂੰ ਉਸ ਨੇ ਆਪਣੀ ਕਲੀਸੀਆ ਕਹਿਣਾ ਸੀ''* (ਮਰਕੁਸ 10:45; ਲੂਕਾ 19:10)।

ਦੂਜੇ ਸ਼ਬਦਾਂ ਵਿਚ, ਇਸ ਧਰਤੀ ਤੇ ਉਹਦੇ ਆਉਣ ਦਾ ਫਲ਼ ਕਲੀਸੀਆ ਹੈ। ਯਿਸੂ ਨੇ ਕੋਈ ਕਿਤਾਬ ਨਹੀਂ ਲਿਖੀ, ਕੋਈ ਕਾਲਜ ਜਾਂ ਸੰਸਾਰਿਕ ਪਰਿਵਾਰ ਨਹੀਂ ਬਣਾਇਆ। ਇੱਕੋ ਇਕ ਯਥਾਰਥ ਜੋ ਧਰਤੀ ਤੇ ਉਸ ਦੀ ਸੇਵਕਾਈ ਨਾਲ ਬਣਿਆ ਉਹ ਕਲੀਸੀਆ ਹੀ ਸੀ। ਯਿਸੂ ਦੁਆਰਾ ਬਣਾਈ ਗਈ ਇੱਕੋ ਜਮਾਤ ਉਹ ਆਤਮਿਕ ਮੰਡਲੀ ਸੀ ਜਿਸ ਨੂੰ ਉਸ ਨੇ ''ਆਪਣੀ ਕਲੀਸੀਆ'' ਕਿਹਾ (ਮੱਤੀ 16:18)। ਆਪਣੀ ਸੇਵਕਾਈ ਦੌਰਾਨ ਯਿਸੂ ਨੇ ਇੱਕੋ ਇਕ ਨੀਂਹ ਪੱਥਰ ਕਲੀਸੀਆ ਦਾ ਰੱਖਿਆ। ਇਸ ਕਰਕੇ, ਕਲੀਸੀਆ ਨੂੰ ਮਸੀਹ ਦੇ ਧਰਤੀ ਤੇ ਆਉਣ ਦੀ ਨਿਵੇਕਲੀ ਰਚਨਾ ਕਿਹਾ ਜਾ ਸਕਦਾ ਹੈ।

## ਇੰਜੀਲ ਦੀਆਂ ਕਿਤਾਬਾਂ ਰਾਹੀਂ ਤਸਦੀਕ

ਇਸ ਸੱਚਾਈ ਦੀ ਇੰਜੀਲ ਦੀਆਂ ਕਿਤਾਬਾਂ ਵਿਚ ਬੜੇ ਵਧੀਆ ਢੰਗ ਨਾਲ ਤਸਦੀਕ ਕੀਤੀ ਗਈ ਹੈ। ਇੰਜੀਲ ਦੀ ਹਰ ਕਿਤਾਬ ਕਲੀਸੀਆ ਅਰਥਾਤ ਸਵਰਗ ਦੇ ਰਾਜ ਵੱਲ ਇਸ਼ਾਰਾ ਕਰਦੀ ਅਤੇ ਉਸ ਵੱਲ ਲਿਜਾਂਦੀ ਹੈ, ਜਿਸ ਨੂੰ ਆਪਣੀ ਮੌਤ ਅਤੇ ਜੀ ਉੱਠਣ ਦੇ ਬਾਅਦ ਆਉਣ ਵਾਲੇ ਪਹਿਲੇ ਪੈਂਟੀਕਾਸਟ ਵਾਲੇ ਦਿਨ ਯਿਸੂ ਨੇ ਬਣਾਇਆ ਸੀ।

ਇੰਜੀਲ ਦੀਆਂ ਕਿਤਾਬਾਂ ਵਿਚ ਮਸੀਹ ਦੇ ਜੀਵਨ ਦਾ ਅਧਿਐਨ ਕਰਨ ਵੇਲੇ, ਉਸ ਦੀ ਸੇਵਕਾਈ ਦੇ ਤਿੰਨ ਵਿਸ਼ਿਆਂ (1) ਜਿਸ ਮਕਸਦ ਨੂੰ ਪੂਰਾ ਕਰਨ ਲਈ ਉਸ ਨੇ ਤੈਅ ਕੀਤਾ, (2) ਕੁਝ ਹੋਰ ਕਰਨ ਲਈ ਉਹਦੀ ਤਿਆਰੀ ਦੇ ਢੰਗ, ਅਤੇ (3) ਉਹਦੇ ਕੰਮ ਦੇ ਚੱਲਦੇ ਰਹਿਣ ਦੇ ਢੰਗ ਬਾਰੇ ਪਤਾ ਲਗਦਾ ਹੈ।

ਪਹਿਲੇ, ਇੰਜੀਲ ਦੀਆਂ ਕਿਤਾਬਾਂ ਤੋਂ ਸੰਕੇਤ ਮਿਲਦਾ ਹੈ ਕਿ ਯਿਸੂ ਨੇ ਆਪਣੀ ਨਿੱਜੀ ਸੇਵਕਾਈ ਦੌਰਾਨ ਸੰਸਾਰ ਵਿਚ ਖੁਸ਼ਖ਼ਬਰੀ ਦਾ ਪ੍ਰਚਾਰ ਕਰਨ ਦੀ ਯੋਜਨਾ ਨਹੀਂ ਬਣਾਈ। ਰਸੂਲਾਂ ਨੂੰ ਚੁਣਨ ਦੇ ਬਾਅਦ, ਉਸ ਨੇ ਉਨ੍ਹਾਂ ਦੇ ਪ੍ਰਚਾਰ ਲਈ ਕੋਈ ਖਾਸ ਵਿਸ਼ਵ ਵਿਆਪੀ ਆਗਿਆ ਨਹੀਂ ਦਿੱਤੀ; ਸਗੋਂ, ਉਸ ਨੇ ਉਨ੍ਹਾਂ ਦੇ ਜੋਸ਼ ਨੂੰ ਇਹ ਕਹਿ ਕੇ ਠੰਢਾ ਕਰ ਦਿੱਤਾ ਕਿ ''ਤੁਸੀਂ ਪਰਾਈਆਂ ਕੌਮਾਂ ਦੇ ਰਾਹ ਨਾ ਜਾਣਾ ਅਤੇ ਸਾਮਰੀਆਂ ਦੇ ਕਿਸੇ ਨਗਰ ਵਿਚ ਨਾ ਵੜਨਾ। ਸਗੋਂ ਇਸਰਾਏਲ ਦੇ ਘਰਾਣੇ ਦੀਆਂ ਗੁਆਚੀਆਂ ਹੋਈਆ ਭੇਡਾਂ ਕੋਲ ਜਾਓ'' (ਮੱਤੀ 10:5, 6)। ਅਸੀਂ ਹੈਰਾਨ ਹੁੰਦੇ ਹਾਂ ਕਿ ਯਿਸੂ ਨੇ ਆਪਣੀ ਸੇਵਕਾਈ ਦੌਰਾਨ ਆਪਣੇ ਆਪ ਨੂੰ ਫ਼ਲਸਤੀਨ ਤਕ ਸੀਮਤ ਕਿਉਂ ਰੱਖਿਆ। ਉਹ ਰੋਮੀ ਸਾਮਰਾਜ ਦੇ ਬਾਹਰ ਕਿਸੇ ਦੇਸ਼ ਵਿਚ ਨਹੀਂ ਗਿਆ। ਉਸ ਦਾ ਮਕਸਦ ਸੰਸਾਰ ਦੇ ਬਹੁਤ ਛੋਟੇ ਜਿਹੇ ਇਲਾਕੇ ਵਿਚ ਪ੍ਰਚਾਰ ਅਤੇ ਸਿੱਖਿਆ ਨਾਲ ਪੂਰਾ ਹੋ ਗਿਆ। ਜੇ ਯਿਸੂ ਨੇ ਆਪਣੀ ਨਿੱਜੀ ਸੇਵਕਾਈ ਦੌਰਾਨ ਖੁਸ਼ਖ਼ਬਰੀ ਦੇ ਪ੍ਰਚਾਰ ਲਈ ਸਾਰੀ ਦੁਨੀਆਂ ਵਿਚ ਜਾਣਾ ਹੁੰਦਾ ਤਾਂ ਉਹ ਆਪਣੇ ਕੰਮ ਨੂੰ ਬਿਲਕੁਲ ਹੀ ਫ਼ਰਕ ਤਰੀਕੇ ਨਾਲ, ਭਾਵ ਵਿਸ਼ਾਲ ਪੱਧਰ ਤੇ ਨਿਯਮ ਅਤੇ ਢੰਗ ਬਣਾ ਕੇ ਕਰਦਾ।

ਦੂਜਾ, ਇੰਜੀਲ ਦੀਆਂ ਕਿਤਾਬਾਂ ਤੋਂ ਸੰਕੇਤ ਮਿਲਦਾ ਹੈ ਕਿ ਯਿਸੂ ਦਾ ਜੀਵਨ, ਕੰਮ ਅਤੇ

ਮੌਤ ਆਉਣ ਵਾਲੀ ਕਿਸੇ ਗੱਲ ਦੀ ਤਿਆਰੀ ਸਨ। ਯਿਸੂ ਨੇ ਪ੍ਰਚਾਰ ਕੀਤਾ, ''ਤੌਬਾ ਕਰੋ ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ'' (ਮੱਤੀ 4:17)। ਉਸ ਨੇ ਆਪਣੇ ਚੇਲਿਆਂ ਨੂੰ ''ਤੇਰਾ ਰਾਜ ਆਵੇ'' ਲਈ ਦੁਆ ਕਰਨਾ ਸਿਖਾਇਆ (ਮੱਤੀ 6:10)। ਯਿਸੂ ਆਪਣੇ ਮੋਅਜਜ਼ਿਆਂ ਨਾਲ ਭੀੜ ਨੂੰ ਬੇਕਾਬੂ ਹੋਣ ਤੋਂ ਰੋਕਣ ਅਤੇ ਇਹ ਵਿਚਾਰ ਪੈਦਾ ਹੋਣ ਤੋਂ ਕਿ ਉਸ ਨੂੰ ਸੰਸਾਰਿਕ ਰਾਜਾ ਬਣਾਇਆ ਜਾਵੇ, ਬੜਾ ਚੁਕੰਨਾ ਸੀ। ਉਸ ਨੇ ਲੋਕਾਂ ਦੀ ਭੀੜ ਨੂੰ ਆਪਣੀ ਸਮੇਂ ਸਾਰਣੀ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ। ਮੋਅਜਜ਼ੇ ਕਰਨ ਦੇ ਬਾਅਦ ਯਿਸੂ ਨੇ ਕਈ ਵਾਰ ਚੰਗਾਈ ਪਾਉਣ ਵਾਲਿਆਂ ਨੂੰ ਉਸ ਮੋਅਜਜ਼ੇ ਬਾਰੇ ਕਿਹਾ, ''ਖ਼ਬਰਦਾਰ! ਕਿਸੇ ਨੂੰ ਨਾ ਦੱਸੀਂ'' (ਮੱਤੀ 8:4)। ਉਸ ਨੇ ਬਾਰਾਂ ਰਸੂਲ ਚੁਣੇ ਅਤੇ ਆਪ ਉਨ੍ਹਾਂ ਨੂੰ ਸਿਖਲਾਈ ਦਿੱਤੀ, ਪਰ ਇਹ ਸਾਫ਼ ਹੈ ਕਿ ਉਹ ਉਨ੍ਹਾਂ ਨੂੰ ਉਸ ਕੰਮ ਦੀ ਸਿਖਲਾਈ ਦੇ ਰਿਹਾ ਸੀ ਜੋ ਉਸ ਦੇ ਜਾਣ ਦੇ ਬਾਅਦ ਉਨ੍ਹਾਂ ਨੇ ਕਰਨਾ ਸੀ (ਯੂਹੰਨਾ 14:19)।

ਤੀਜਾ, ਇੰਜੀਲ ਦੀਆਂ ਕਿਤਾਬਾਂ ਯਿਸੂ ਦੀ ਸੇਵਕਾਈ ਦੇ ਅਧੂਰਾ ਹੋਣ ਦੀ ਤਸਵੀਰ ਦੱਸਦੀਆਂ ਹਨ। ਯਿਸੂ ਨੇ ਉਹੀ ਕੀਤਾ, ਜੋ ਪਿਤਾ ਨੇ ਉਸ ਨੂੰ ਕਰਨ ਲਈ ਭੇਜਿਆ ਸੀ; ਪਰ ਧਰਤੀ ਉਤਲੇ ਆਪਣੇ ਜੀਵਨ ਦੇ ਅੰਤ ਵਿਚ, ਉਸ ਨੇ ਆਪਣੇ ਰਸੂਲਾਂ ਨੂੰ ਸਵਰਗ ਤੇ ਆਪਣੇ ਉੱਪਰ ਉਠਾਏ ਜਾਣ ਬਾਅਦ ਦੀਆਂ ਹੋਰ ਘਟਨਾਵਾਂ ਅਤੇ ਪ੍ਰਕਾਸ਼ਨਾਂ ਦੀ ਉਡੀਕ ਕਰਨ ਲਈ ਤਿਆਰ ਕੀਤਾ। ਯਿਸੂ ਨੇ ਰਸੂਲਾਂ ਨੂੰ ਕਿਹਾ, ''ਪਰ ਉਹ ਸਹਾਇਕ ਅਰਥਾਤ ਪਵਿੱਤਰ ਆਤਮਾ ਜਿਹ ਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਸੋ ਤੁਹਾਨੂੰ ਸੱਭੋ ਕੁਝ ਸਿਖਾਲੇਗਾ ਅਤੇ ਸੱਭੋ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਵੇਗਾ'' (ਯੂਹੰਨਾ 14:26)। ਉਸ ਨੇ ਉਨ੍ਹਾਂ ਨੂੰ ਇਹ ਵੀ ਦੱਸਿਆ, ''ਪਰ ਜਦ ਉਹ ਅਰਥਾਤ ਸੱਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸੱਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ'' (ਯੂਹੰਨਾ 16:13)। ਜੀ ਉੱਠਣ ਦੇ ਬਾਅਦ, ਉੱਪਰ ਉਠਾਏ ਜਾਣ ਤੋਂ ਥੋੜ੍ਹਾ ਪਹਿਲਾਂ, ਯਿਸੂ ਨੇ ਆਪਣੇ ਰਸੂਲਾਂ ਨੂੰ ਉੱਪਰੋਂ ਸ਼ਕਤੀ ਪਾਉਣ ਤਕ ਯਰੂਸ਼ਲਮ ਵਿਚ ਉਡੀਕ ਕਰਨ ਦੀ ਆਗਿਆ ਦਿੱਤੀ। ਸ਼ਕਤੀ ਪਾ ਕੇ, ਉਨ੍ਹਾਂ ਨੇ ਯਰੂਸ਼ਲਮ ਤੋਂ ਸ਼ੁਰੂ ਕਰਕੇ ਸਾਰੀਆਂ ਕੌਮਾਂ ਵਿਚ ਤੌਬਾ ਅਤੇ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕਰਨਾ ਸੀ (ਲੂਕਾ 24:46-49)।

ਸਾਡੇ ਪ੍ਰਭੂ ਦੀ ਮੌਤ ਤੋਂ ਪਹਿਲਾਂ ਅਤੇ ਉਸ ਦੀ ਮੌਤ ਦੇ ਬਾਅਦ ਦੀਆਂ ਇਨ੍ਹਾਂ ਖ਼ਾਸ ਗੱਲਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਧਰਤੀ ਤੇ ਉਸ ਦੀ ਸੇਵਕਾਈ ਉਸ ਦੇ ਰਾਜ, ਅਰਥਾਤ ਕਲੀਸੀਆ ਨੂੰ ਬਣਾਉਣ ਲਈ ਲੋੜੀਂਦੀ ਤਿਆਰੀ ਕਰਨਾ ਹੀ ਸੀ। ਮੱਤੀ 16:18 ਵਿਚ ਯਿਸੂ ਨੇ ਧਰਤੀ ਤੇ ਆਪਣੇ ਕੰਮ ਦੇ ਬੋਝ ਬਾਰੇ ਆਪਣੇ ਚੇਲਿਆਂ ਨੂੰ ਦੱਸਿਆ: ''ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ ਅਤੇ ਮੈਂ ਇਸ ਚੱਟਾਨ ਉੱਤੇ ਆਪਣੀ ਕਲੀਸੀਆ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹਦੇ ਉੱਤੇ ਕੁਝ ਵੱਸ ਨਾ ਚੱਲੇਗਾ।'' ਇਸ ਕਰਕੇ ਯਿਸੂ ਇੰਜੀਲ ਦਾ ਪ੍ਰਚਾਰ ਕਰਨ ਲਈ ਨਹੀਂ ਆਇਆ ਸੀ; ਸਗੋਂ ਉਹ ਇਸ ਲਈ ਆਇਆ ਸੀ ਤਾਂ ਜੋ ਇੰਜੀਲ ਦਾ ਪ੍ਰਚਾਰ ਹੋ ਸਕੇ।

ਪ੍ਰਸਿੱਧ ਮੂਰਤੀਕਾਰ ਗਟਜ਼ੋਨ ਬੌਰਗਲਮ, ਜਿਸ ਨੇ ਦੱਖਣੀ ਦਕੋਟਾ ਵਿਚ ਇਕ ਸ਼ਾਨਦਾਰ ਪਹਾੜ ਰਸ਼ਮੋਰ ਤੇ ਮੂਰਤੀਆਂ ਬਣਾਈਆਂ ਸਨ, ਨੇ ਵਾਸ਼ਿੰਗਟਨ, ਡੀ. ਸੀ. ਵਿਚ ਰਾਜ-ਭਵਨ ਲਈ ਅਬਰਾਹਾਮ ਲਿੰਕਨ ਦੀ ਵੀ ਇਕ ਮੂਰਤੀ ਬਣਾਈ। ਉਸ ਨੇ ਇਹ ਮੂਰਤੀ ਆਪਣੇ ਸਟੂਡੀਓ ਵਿਚ ਸੰਗਮਰਮਰ ਦੇ ਇਕ ਪੱਥਰ ਵਿੱਚੋਂ ਬਣਾਈ ਸੀ। ਕਹਿੰਦੇ ਹਨ ਕਿ ਜਿਹੜੀ

ਔਰਤ ਰੋਜ਼ ਸਟੂਡੀਓ ਦੀ ਸਫ਼ਾਈ ਕਰਨ ਲਈ ਆਉਂਦੀ ਸੀ ਉਸਨੇ ਜਦ ਉਹ ਸਜੀਵ ਮੂਰਤੀ ਨੂੰ ਪਹਿਲੀ ਵਾਰ ਵੇਖਿਆ ਤਾਂ, ਹੱਕੀ-ਬੱਕੀ ਰਹਿ ਗਈ ਸੀ ਅਤੇ ਉਸ ਦੇ ਮੂੰਹੋਂ ਨਿੱਕਲਿਆ ਸੀ, ''ਇਹਨੂੰ ਕਿਵੇਂ ਪਤਾ ਸੀ ਕਿ ਲਿੰਕਨ ਪੱਥਰ ਦੇ ਇਸ ਟੁਕੜੇ ਵਿਚ ਬੰਦ ਸੀ?'' ਉਸ ਦੇ ਸਵਾਲ ਦਾ ਜਵਾਬ ਇਹ ਹੈ ਕਿ ਬੋਰਗਲਮ ਨੂੰ ਉਹ ਨਜ਼ਰ ਆਇਆ ਜਿਹੜਾ ਪਹਿਲਾਂ ਕਿਸੇ ਹੋਰ ਨੂੰ ਵਿਖਾਈ ਨਹੀਂ ਦਿੱਤਾ ਸੀ। ਉਸ ਦੀ ਕਲਾਕਾਰ ਵਾਲੀ ਅੱਖ, ਅਤੇ ਇਕ ਮੂਰਤੀਕਾਰ ਵਾਲਾ ਹੁਨਰ ਸੀ। ਕਾਰੀਗਰ ਹੱਥਾਂ ਅਤੇ ਸੁਪਨਦਰਸ਼ੀ ਦਿਮਾਗ਼ ਨਾਲ ਇਸ ਨੂੰ ਲੋਕਾਂ ਸਾਹਮਣੇ ਪੇਸ਼ ਕਰਕੇ ਤੋਂ ਪਹਿਲਾਂ ਉਸ ਨੇ ਪੱਥਰ ਵਿਚ ਉਹ ਚਿਹਰਾ ਵੇਖ ਲਿਆ ਸੀ।

ਇੰਜੀਲ ਦੀਆਂ ਕਿਤਾਬਾਂ ਦੀ ਮਦਦ ਨਾਲ ਅਸੀਂ ਉਹ ਵੇਖ ਸਕਦੇ ਹਾਂ ਜੋ ਯਿਸੂ ਨੇ ਧਰਤੀ ਉਤਲੀ ਆਪਣੀ ਸੇਵਕਾਈ ਦੌਰਾਨ ਵੇਖਿਆ ਸੀ। ਉਸ ਦੀ ਸੇਵਕਾਈ ਵਿਚ ਆਉਣ ਵਾਲੇ ਰਾਜ ਦਾ ਦਰਸ਼ਨ ਅਤੇ ਤਿਆਰੀ ਲੁਕੀ ਹੋਈ ਸੀ। ਉਸ ਨੇ ਇਸ ਦਾ ਪ੍ਰਚਾਰ ਕੀਤਾ, ਇਸ ਦੀ ਤਿਆਰੀ ਕੀਤੀ, ਅਤੇ ਆਪਣੇ ਲਹੂ ਨਾਲ ਇਸ ਨੂੰ ਮੁੱਲ ਲੈ ਲਿਆ।

## ਰਸੂਲਾਂ ਦੇ ਕੰਮ ਰਾਹੀਂ ਤਸਦੀਕ

ਨਵੇਂ ਨੇਮ ਦੀ ਕਿਤਾਬ ਰਸੂਲਾਂ ਦੇ ਕੰਮ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਯਿਸੂ ਦੀ ਸੇਵਕਾਈ, ਮੌਤ, ਅਤੇ ਜੀ ਉੱਠਣ ਦਾ ਮਕਸਦ ਕਲੀਸੀਆ ਨੂੰ ਬਣਾਉਣਾ, ਰਾਜ ਨੂੰ ਲਿਆਉਣਾ ਸੀ। ਇੰਜੀਲ ਦੀਆਂ ਕਿਤਾਬਾਂ ਵਿਚ ਇਸ ਸੱਚਾਈ ਦਾ ਸਾਫ਼ ਐਲਾਨ ਹੈ ਅਤੇ ਰਸੂਲਾਂ ਦੇ ਕੰਮ ਕਿਤਾਬ ਇਸ ਐਲਾਨ ਦੀਆਂ ਰੰਗਦਾਰ ਸਜੀਵ ਉਦਾਹਰਣਾਂ ਦਿੰਦੀ ਹੈ।

ਪ੍ਰਭੂ ਦੇ ਸਵਰਗ ਉੱਤੇ ਉਠਾਏ ਜਾਣ ਦੇ ਦਸ ਦਿਨਾਂ ਬਾਅਦ, ਪੈਂਟੀਕਾਸਟ ਵਾਲੇ ਦਿਨ ਪਵਿੱਤਰ ਆਤਮਾ ਮੋਅਜਜ਼ੇ ਰਾਹੀਂ ਰਸੂਲਾਂ ਨੂੰ ਦਿੱਤਾ ਗਿਆ (ਰਸੂਲਾਂ ਦੇ ਕੰਮ 2:1-4); ਪਹਿਲੀ ਵਾਰ ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੀ ਖੁਸ਼ਖਬਰੀ ਦਾ ਪ੍ਰਚਾਰ ਕੀਤਾ ਗਿਆ; ਲੋਕਾਂ ਨੂੰ ਵਿਸ਼ਵਾਸ, ਤੌਬਾ ਕਰਕੇ ਅਤੇ ਆਪਣੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈ ਕੇ ਇੰਜੀਲ ਦੇ ਇਸ ਸੱਦੇ ਨੂੰ ਕਬੂਲ ਕਰਨ ਲਈ ਆਖਿਆ ਗਿਆ (ਰਸੂਲਾਂ ਦੇ ਕੰਮ 2:38; ਲੂਕਾ 24:46, 47); ਅਤੇ ਤਿੰਨ ਹਜ਼ਾਰ ਲੋਕਾਂ ਨੇ ਸੁਣਾਏ ਗਏ ਉਸ ਵਚਨ ਨੂੰ ਮੰਨ ਕੇ ਬਪਤਿਸਮਾ ਲਿਆ ਅਤੇ ਇਸ ਸੱਦੇ ਨੂੰ ਕਬੂਲ ਕੀਤਾ ਸੀ (ਰਸੂਲਾਂ ਦੇ ਕੰਮ 2:41)। ਇਸ ਤਰ੍ਹਾਂ, ਯਿਸੂ ਦੀ ਸੇਵਕਾਈ ਦੇ ਬਾਅਦ ਸਾਡੇ ਪ੍ਰਭੂ ਦੀ ਕਲੀਸੀਆ ਦਾ ਜਨਮ ਇਵੇਂ ਹੋਇਆ ਜਿਵੇਂ ਰਾਤ ਦੇ ਬਾਅਦ ਦਿਨ ਹੁੰਦਾ ਹੈ।

ਰਸੂਲਾਂ ਦੇ ਕੰਮ ਦੀ ਬਾਕੀ ਕਹਾਣੀ ਯਰੂਸ਼ਲਮ ਤੋਂ ਯਹੂਦੀਆ ਅਤੇ ਸਾਮਰੀਆ ਅਤੇ ਉਸ ਦੇ ਅੱਗੇ, ਰੋਮੀ ਹਕੂਮਤ ਅਤੇ ਹੋਰ ਹਿੱਸਿਆਂ ਤਕ ਪਵਿੱਤਰ ਪ੍ਰੇਮ ਦੀ ਲਾਟ ਵਾਂਗ ਕਲੀਸੀਆ ਦੇ ਵਧਣ ਦੀ ਕਹਾਣੀ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚ ਜਿੱਥੇ ਵੀ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਪ੍ਰਚਾਰ ਹੋਇਆ, ਸੁਣਨ ਵਾਲਿਆਂ ਨੇ ਪ੍ਰਚਾਰ ਕੀਤੇ ਵਚਨ ਨੂੰ ਮੰਨ ਕੇ ਕਲੀਸੀਆ ਵਿਚ ਆਉਣ ਨਾਲ ਇਸ ਨੂੰ ਗ੍ਰਹਿਣ ਕੀਤਾ। ਰਸੂਲਾਂ ਦੇ ਕੰਮ ਕਿਤਾਬ ਵਿਚ ਜਦ ਵੀ ਮਿਸ਼ਨਰੀ ਯਾਤਰਾ ਹੋਈ, ਦੁਨੀਆਂ ਦੇ ਨਵੇਂ ਨਵੇਂ ਹਿੱਸਿਆਂ ਵਿਚ ਕਲੀਸੀਆਵਾਂ ਬਣਦੀਆਂ ਗਈਆਂ। ਰਸੂਲਾਂ ਦੇ ਕੰਮ ਕਿਤਾਬ ਵਿਚ ਪੌਲੁਸ ਦੀਆਂ ਤਿੰਨ ਮਿਸ਼ਨਰੀ ਯਾਤਰਾਵਾਂ ਵਿਚ ਯਰੂਸ਼ਲਮ ਤੋਂ ਲੈ ਕੇ ਇੱਲੁਰਿਕੁਮ ਤਕ ਹਰ ਪਾਸੇ ਕਲੀਸੀਆਵਾਂ ਬਣਦੀਆਂ ਗਈਆਂ (ਰੋਮੀਆਂ 15:19)। ਰਸੂਲਾਂ ਦੇ ਕੰਮ ਕਿਤਾਬ ਪੜ੍ਹ ਕੇ ਅਜਿਹਾ ਨਹੀਂ ਹੋ ਸਕਦਾ ਕਿ ਕੋਈ ਇਹ ਨਿਚੋੜ ਨਾ ਕੱਢੇ ਕਿ ਕਲੀਸੀਆ ਧਰਤੀ ਤੇ ਯਿਸੂ ਦੇ ਆਉਣ ਦਾ ਫ਼ਲ ਨਹੀਂ ਹੈ।

ਇਕ ਪ੍ਰਚਾਰਕ ਨੇ ਇਕ ਵਾਰ ਕਿਹਾ ਸੀ, ''ਸੰਸਾਰ ਵਿਚ ਇੰਜੀਲ ਦੇ ਪ੍ਰਚਾਰ ਲਈ ਸਾਨੂੰ ਉਹੀ ਢੰਗ ਅਪਣਾਉਣੇ ਚਾਹੀਦੇ ਹਨ ਜੋ ਯਿਸੂ ਨੇ ਅਪਣਾਏ। ਆਓ, ਆਪਣੇ ਆਲੇ ਦੁਆਲੇ ਬਾਰਾਂ ਬੰਦਿਆਂ ਨੂੰ ਇਕੱਠਾ ਕਰਕੇ ਉਨ੍ਹਾਂ ਨੂੰ ਆਉਣ ਵਾਲੇ ਕੰਮ ਦੀ ਸਿਖਲਾਈ ਦੇਈਏ। ਯਿਸੂ ਸਾਨੂੰ ਸਿਖਾਉਂਦਾ ਹੈ ਕਿ ਅਸੀਂ ਉਹਦੇ ਤਰੀਕੇ ਨਾਲ ਸੰਸਾਰ ਵਿਚ ਖੁਸ਼ਖ਼ਬਰੀ ਦਾ ਪ੍ਰਚਾਰ ਕਿਵੇਂ ਕਰੀਏ।'' ਬੇਸ਼ੱਕ ਯਿਸੂ ਆਪਣੇ ਹਰ ਕੰਮ ਵਿਚ ਸਿੱਧ ਸੀ। ਪਰ ਉਸ ਦੀ ਸੇਵਕਾਈ ਦਾ ਗਹਿਰਾਈ ਨਾਲ ਅਧਿਐਨ ਕਰਨ ਤੇ ਪਤਾ ਲਗਦਾ ਹੈ ਕਿ ਆਪਣੀ ਸੇਵਕਾਈ ਦੌਰਾਨ ਉਸ ਦਾ ਮੁੱਖ ਕੰਮ ਸੰਸਾਰ ਵਿਚ ਖੁਸ਼ਖ਼ਬਰੀ ਪਹੁੰਚਾਉਣਾ ਨਹੀਂ ਸੀ। ਉਸ ਦਾ ਕੰਮ ਤਾਂ ਕਲੀਸੀਆ ਦੀ ਨੀਂਹ ਰੱਖਣਾ ਸੀ; ਉਸ ਦਾ ਕੰਮ ਤਾਂ ਸੰਸਾਰ ਵਿਚ ਖੁਸ਼ਖ਼ਬਰੀ ਪਹੁੰਚਾਉਣ ਦੀ ਰੂਪ ਰੇਖਾ ਦੇ ਟੁਕੜੇ ਇਕੱਠੇ ਕਰਨਾ ਸੀ। ਆਪਣੇ ਇਸ ਵਿਲੱਖਣ ਮਿਸ਼ਨ ਨੂੰ ਪੂਰਾ ਕਰਨ ਲਈ ਖੁਸ਼ਖ਼ਬਰੀ ਦੇ ਪ੍ਰਚਾਰ ਦੇ ਉਸ ਵਿਸ਼ਵ ਵਿਆਪੀ ਮਿਸ਼ਨ ਤੋਂ ਫ਼ਰਕ ਮਿਸ਼ਨ ਚੇਲਿਆਂ ਨੂੰ ਦੇਣ ਲਈ ਉਸ ਨੇ ਯੋਗ ਢੰਗ ਅਤੇ ਸਾਧਨ ਅਪਣਾਏ।

ਰਸੂਲਾਂ ਦੇ ਕੰਮ ਕਿਤਾਬ ਵਿਚ ਨਹੀਂ ਮਿਲਦਾ ਕਿ ਰਸੂਲਾਂ ਅਤੇ ਪ੍ਰਮੇਸ਼ਵਰ ਦੀ ਪ੍ਰੇਰਣਾ ਪਾਏ ਹੋਰ ਕਿਸੇ ਨੇ ਇਹੋ ਜਿਹਾ ਢੰਗ ਵਰਤਿਆ ਹੋਵੇ ਜੋ ਸਾਡੇ ਪ੍ਰਭੂ ਨੇ ਵਰਤਿਆ। ਉਨ੍ਹਾਂ ਨੇ ਸਿੱਖਿਆ ਦੇਣ ਅਤੇ ਆਪਣੇ ਆਲੇ ਦੁਆਲੇ ਅਤੇ ਬਾਰਾਂ ਲੋਕਾਂ ਨੂੰ ਸਿੱਖਿਅਤ ਕਰਨ ਲਈ ਇਕੱਠੇ ਕਰਨ ਦੇ ਉਸ ਦੇ ਢੰਗ ਦੀ ਨਕਲ ਨਹੀਂ ਕੀਤੀ। ਇਸ ਦੇ ਬਜਾਏ ਰਸੂਲ ਅਤੇ ਪ੍ਰਮੇਸ਼ਵਰ ਦੀ ਪ੍ਰੇਰਣਾ ਪਾਏ ਹੋਰ ਲੋਕ ਵਚਨ ਸੁਣਾਉਣ ਅਤੇ ਸਿੱਖਿਆ ਦੇਣ ਰਾਹੀਂ ਲੋਕਾਂ ਨੂੰ ਕਲੀਸੀਆ ਵਿਚ ਲਿਆਏ। ਇਹ ਨਵੇਂ ਮਸੀਹੀ, ਕਲੀਸੀਆ ਰਾਹੀਂ ਕਲੀਸੀਆ ਦੇ ਇਕ ਅੰਗ ਦੇ ਤੌਰ ਤੇ ਸਿਖਲਾਈ ਲੈ ਕੇ ਸੇਵਾ ਅਤੇ ਖੁਸ਼ਖ਼ਬਰੀ ਦੇ ਪ੍ਰਚਾਰ ਲਈ ਵੱਡੇ ਹੋਏ। ਰਸੂਲਾਂ ਦੇ ਕੰਮ ਪੁਸਤਕ ਸਾਫ਼ ਕਰਦੀ ਹੈ ਕਿ ਕਲੀਸੀਆ ਦਾ ਜੀਵਨ ਤਾਂ ਧਰਤੀ ਤੇ ਯਿਸੂ ਦੀ ਸੇਵਕਾਈ ਦਾਨਤੀਜਾ ਹੀ ਸੀ। ਨਵੇਂ ਨੇਮ ਦਾ 48 ਪ੍ਰਤੀਸ਼ਤ ਭਾਗ ਯਿਸੂ ਦੀ ਜ਼ਿੰਦਗੀ ਦੀਆਂ ਗੱਲਾਂ ਹੈ; ਬਾਕੀ 52 ਪ੍ਰਤੀਸ਼ਤ ਭਾਗ ਵਿਚ ਮਸੀਹ ਦੇ ਜੀਵਨ, ਮੌਤ ਅਤੇ ਜੀ ਉੱਠਣ ਦਾ ਫ਼ਲ ਅਰਥਾਤ ਕਲੀਸੀਆ ਹੈ।

## ਪੱਤਰੀਆਂ ਰਾਹੀਂ ਫੇਰ ਤਸਦੀਕ

ਨਵੇਂ ਨੇਮ ਦੀਆਂ ਪੱਤਰੀਆਂ ਵਿਚ ਇਸ ਸੱਚਾਈ ਦੀ ਪ੍ਰਸੰਗਿਕਤਾ ਤੇ ਜ਼ੋਰ ਦਿੱਤਾ ਗਿਆ ਕਿ ਕਲੀਸੀਆ ਧਰਤੀ ਤੇ ਮਸੀਹ ਦੇ ਜੀਵਨ ਅਤੇ ਮੌਤ ਦਾ ਕੁਦਰਤੀ ਫ਼ਲ ਹੈ। ਇੰਜੀਲ ਦੀਆਂ ਕਿਤਾਬਾਂ ਇਸ ਸੱਚਿਆਈ ਦਾ ਦਾਅਵਾ ਕਰਦੀਆਂ ਹਨ, ਰਸੂਲਾਂ ਦੇ ਕੰਮ ਦੀ ਪੁਸਤਕ ਇਸ ਨੂੰ ਹਰ ਪਾਸੇ ਫੈਲਾਉਂਦੀ ਹੈ ਅਤੇ ਪੱਤਰੀਆਂ ਇਸ ਨੂੰ ਅਮਲ ਵਿਚ ਲਿਆਉਂਦੀਆਂ ਹਨ। ਪੱਤਰੀਆਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਮਸੀਹ ਦੀ ਆਤਮਿਕ ਦੇਹ ਬਣ ਕੇ ਅਸੀਂ ਉਸ ਦੇ ਜੀਵਨ ਨੂੰ ਕਿਵੇਂ ਕਬੂਲ ਕਰ ਸਕਦੇ ਹਾਂ।

ਪੱਤਰੀਆਂ ਉਨ੍ਹਾਂ ਲੋਕਾਂ ਦੇ ਨਾਮ ਲਿਖੀਆਂ ਗਈਆਂ ਸਨ ਜਿਨ੍ਹਾਂ ਨੇ ਵਿਸ਼ਵਾਸ ਕਰਕੇ ਆਗਿਆ ਪਾਲਣ ਰਾਹੀਂ ਮਸੀਹ ਕੋਲ ਆਉਣਾ ਚੁਣਿਆ ਸੀ। ਉਹ ਉਸ ਸਮੇਂ ਵਿਚ ਰਹਿ ਰਹੇ ਸਨ ਜਦ ਮਸੀਹ ਦੇ ਜੀਵਨ, ਮੌਤ ਅਤੇ ਜੀ ਉੱਠਣ ਦਾ ਪ੍ਰਭਾਵ ਤਾਜ਼ਾ-ਤਾਜ਼ਾ ਅਤੇ ਨਵਾਂ ਸੀ। ਪ੍ਰਮੇਸ਼ਵਰ ਦੀ ਪ੍ਰੇਰਣਾ ਪਾਏ ਹੋਏ ਲੋਕਾਂ ਦੇ ਸੰਦੇਸ਼ ਦਾ ਅਰਥ ਸੀ ਕਿ ਮਸੀਹ ਨੂੰ ਪ੍ਰਭੂ ਦੇ ਰੂਪ ਵਿਚ ਮਹਿਮਾ ਦਿੱਤੀ ਗਈ ਹੈ ਅਤੇ ਅਸੀਂ ਉਸ ਦੇ ਮਨੁੱਖੀ ਜੀਵਨ ਨੂੰ ਉਸ ਦੀ ਕਲੀਸੀਆ ਬਣ ਕੇ ਅਤੇ ਰਹਿ ਕੇ ਸਹੀ ਢੰਗ ਨਾਲ ਕਬੂਲ ਕੀਤਾ ਹੈ।

ਹਰ ਪੱਤਰੀ ਵਿਚ ਮਸੀਹ ਦੇ ਮੰਨਣ ਵਾਲਿਆਂ ਨੂੰ ਮਸੀਹ ਦੀ ਆਤਮਿਕ ਦੇਹ ਦੇ ਰੂਪ ਵਿਚ

ਰਹਿਣ ਅਤੇ ਸੇਵਾ ਕਰਨ ਦੀ ਤਾਕੀਦ ਕੀਤੀ ਗਈ ਹੈ। ਇਕੱਠੀਆਂ ਕਰਨ ਤੇ ਪੱਤਰੀਆਂ ਅਸਲ 'ਚ ਹਰ ਤਰ੍ਹਾਂ ਦੇ ਹਾਲਾਤ ਵਿਚ ਮਸੀਹ ਦੀ ਕਲੀਸੀਆ ਦੇ ਰੂਪ ਵਿਚ ਰਹਿਣ ਲਈ ''ਮਾਰਗ-ਦਰਸ਼ਨ'' ਦਿੰਦੀਆਂ ਹਨ। ਇਨ੍ਹਾਂ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਅਸੀਂ ਆਪਣੀ ਜ਼ਿੰਦਗੀ ਵਿਚ ਧਰਤੀ ਤੇ ਮਸੀਹ ਦੀ ਸੇਵਕਾਈ ਨੂੰ ਕਿਵੇਂ ਅਮਲ ਵਿਚ ਲਿਆ ਸਕਦੇ ਹਾਂ।

ਆਗਿਆਕਾਰੀ ਵਿਸ਼ਵਾਸ ਦੇ ਰਾਹੀਂ ਯਿਸੂ ਦੀ ਦੇਹ ਵਿਚ ਪ੍ਰਵੇਸ਼ ਕਰਕੇ ਅਸੀਂ ਉਸ ਨੂੰ ਪ੍ਰਭੂ ਮੰਨਦੇ ਹਾਂ। ਪੌਲੁਸ ਨੇ ਵਿਸ਼ਵਾਸ ਦੇ ਇਸ ਅੰਤਿਮ ਕਾਰਜ ਨੂੰ ਮਸੀਹ ਨੂੰ ਪਹਿਨਣਾ ਕਿਹਾ (ਗਲਾਤੀਆਂ 3:27)। ਪੱਤਰੀਆਂ ਦੇ ਮੁਤਾਬਕ ਕੋਈ ਵੀ ਤਦ ਤਕ ਯਿਸੂ ਦੇ ਪੂਰੀ ਤਰ੍ਹਾਂ ਸਮਰਪਤ ਨਹੀਂ ਹੁੰਦਾ ਜਦ ਤਕ ਉਹ ਵਿਸ਼ਵਾਸ ਕਰਕੇ, ਤੌਬਾ ਕਰਕੇ ਅਤੇ ਯਿਸੂ ਨੂੰ ਪ੍ਰਮੇਸ਼ਵਰ ਦਾ ਪੁੱਤਰ ਮੰਨ ਕੇ, ਬਚਾਏ ਜਾਣ ਲਈ ਬਪਤਿਸਮਾ ਲੈਣ ਰਾਹੀਂ ਉਸ ਦੀ ਦੇਹ ਵਿਚ ਨਹੀਂ ਆਉਂਦਾ।

ਅਸੀਂ ਯਿਸੂ ਦੀ ਆਤਮਿਕ ਦੇਹ ਭਾਵ ਕਲੀਸੀਆ ਵਿਚ ਪ੍ਰਮੇਸ਼ਵਰ ਦੇ ਪਰਿਵਾਰ ਦੇ ਰੂਪ ਵਿਚ ਰਹਿ ਕੇ ਅਤੇ ਇਕੱਠਿਆਂ ਬੰਦਗੀ ਕਰਕੇ ਉਸ ਦੇ ਜੀਵਨ, ਮੌਤ ਅਤੇ ਜੀ ਉੱਠਣ ਨੂੰ ਮਹਿਮਾ ਦਿੰਦੇ ਹਾਂ। ਪੌਲੁਸ ਨੇ ਕਿਹਾ ਹੈ:

> ਨਾ ਯਹੂਦੀ, ਨਾ ਯੂਨਾਨੀ, ਨਾ ਗੁਲਾਮ ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸਕਦਾ ਹੈ ਕਿਉਂ ਜੋ ਤੁਸੀਂ ਸੱਭੇ ਮਸੀਹ ਯਿਸੂ ਵਿਚ ਇੱਕੋ ਹੀ ਹੋ (ਗਲਾਤੀਆਂ 3:28)।
>
> ਜਿਵੇਂ ਇਕ ਸਰੀਰ ਵਿਚ ਢੇਰ ਸਾਰੇ ਅੰਗ ਹਨ ਪਰ ਸਭ ਅੰਗਾਂ ਦਾ ਇੱਕੋ ਹੀ ਕੰਮ ਨਹੀਂ। ਤਿਵੇਂ ਅਸੀਂ ਜੋ ਢੇਰ ਸਾਰੇ ਹਾਂ ਮਸੀਹ ਵਿਚ ਮਿਲ ਕੇ ਇਕ ਸਰੀਰ ਹਾਂ ਅਰ ਇਕ ਇਕ ਕਰਕੇ ਇਕ ਦੂਏ ਦੇ ਅੰਗ ਹਾਂ (ਰੋਮੀਆਂ 12:4, 5)।
>
> ... ਸਰੀਰ ਵਿਚ ਫੋਟਕ ਨਾ ਪਵੇ ਸਗੋਂ ਅੰਗ ਇਕ ਦੂਜੇ ਦੇ ਲਈ ਇਕ ਸਮਾਨ ਚਿੰਤਾ ਕਰਨ। ਅਤੇ ਜੇ ਇਕ ਅੰਗ ਨੂੰ ਦੁੱਖ ਲੱਗੇ ਤਾਂ ਸਾਰੇ ਅੰਗ ਉਸ ਦੇ ਨਾਲ ਦੁਖੀ ਹੁੰਦੇ ਹਨ ਅਤੇ ਜੇ ਇਕ ਅੰਗ ਦਾ ਆਦਰ ਹੋਵੇ ਤਾਂ ਸਾਰੇ ਅੰਗ ਉਹ ਦੇ ਨਾਲ ਅਨੰਦ ਹੁੰਦੇ ਹਨ। ਹੁਣ ਤੁਸੀਂ ਰਲ ਕੇ ਮਸੀਹ ਦੇ ਸਰੀਰ ਹੋ ਅਤੇ ਇਕ ਇਕ ਕਰਕੇ ਉਹ ਦੇ ਅੰਗ ਹੋ (1 ਕੁਰਿੰਥੀਆਂ 12:25-27)।
>
> ਹਫ਼ਤੇ ਦੇ ਪਹਿਲੇ ਦਿਨ ਜਾਂ ਅਸੀਂ ਰੋਟੀ ਤੋੜਨ ਲਈ ਇਕੱਠੇ ਹੋਏ ਤਾਂ ਪੌਲੁਸ ਨੇ ... ਉਨ੍ਹਾਂ ਨੂੰ ਵਚਨ ਸੁਣਾਇਆ ... (ਰਸੂਲਾਂ ਦੇ ਕੰਮ 20:7)।

ਪ੍ਰਮੇਸ਼ਵਰ ਦੇ ਪਰਿਵਾਰ ਭਾਵ ਮਸੀਹ ਦੀ ਕਲੀਸੀਆ ਬਣ ਕੇ ਰਹਿਣ ਅਤੇ ਬੰਦਗੀ ਕਰਨ 'ਚ ਨਕਾਮ ਹੋਣ ਤੇ ਜਦ ਅਸੀਂ ਉਸ ਵਿੱਚੋਂ ਉਹ ਕੱਢ ਦਿੰਦੇ ਹਾਂ ਜਿਸ ਨੂੰ ਪੂਰਾ ਕਰਨ ਲਈ ਯਿਸੂ ਆਇਆ ਸੀ ਅਤੇ ਜਿਸ ਨੂੰ ਕਾਇਮ ਕਰਨ ਲਈ ਉਹ ਮਾਰਿਆ ਗਿਆ, ਤਾਂ ਅਸੀਂ ਉਸ ਦਾ ਨੁਕਸਾਨ ਕਰਦੇ ਹਾਂ।

ਯਿਸੂ ਨੇ ਸਾਨੂੰ ਆਪਣੀ ਦੇਹ ਯਾਨੀ ਆਪਣੀ ਕਲੀਸੀਆ ਬਣਨ ਲਈ ਬੁਲਾਇਆ ਹੈ। ਪੱਤਰੀਆਂ ਵਿਚ ਉਸ ਦੇ ਲੋਕਾਂ ਨੂੰ ਕਿਤੇ ਵੀ ਮਸੀਹ ਦੀ ਕਲੀਸੀਆ ਦੇ ਇਲਾਵਾ ਕੋਈ ਹੋਰ ਕਲੀਸੀਆ ਜਾਂ ਦੇਹ ਦੇ ਰੂਪ ਵਿਚ ਨਹੀਂ ਵਿਖਾਇਆ ਗਿਆ ਹੈ। ਪੱਤਰੀਆਂ ਦੇ ਅਨੁਸਾਰ, ਯਿਸੂ ਨੇ ਆਪਣੇ ਪਿੱਛੇ ਚੱਲਣ ਲਈ ਸਾਡੇ ਵਾਸਤੇ ਇੱਕੋ ਢੰਗ ਯਾਨੀ ਉਹਦੀ ਸੇਵਾ ਲਈ ਇੱਕੋ

ਢੰਗ, ਉਸ ਦੇ ਲਹੂ ਨੂੰ ਕਬੂਲ ਕਰਨ ਲਈ ਇੱਕੋ ਢੰਗ, ਅਤੇ ਬਚਾਏ ਜਾਣ ਲਈ ਇੱਕੋ ਹੀ ਢੰਗ ਬਣਾਇਆ ਹੈ। ਉਹ ਢੰਗ ਇਸ ਸੰਸਾਰ ਵਿਚ ਉਹਦੀ ਆਤਮਿਕ ਦੇਣ ਬਣ ਕੇ ਹੁਕਮ ਅੰਦਰ ਰਹਿ ਕੇ ਜੀਣਾ ਹੈ।

ਕਿਸੇ ਛੋਟੀ ਕੁੜੀ ਨੂੰ ਘਰ ਦੀ ਇਕ ਨੁੱਕਰ ਵਿਚ ਇਕ ਬਾਈਬਲ ਪਈ ਮਿਲੀ। ਬਾਈਬਲ ਚੁੱਕ ਕੇ ਉਹ ਆਪਣੀ ਮਾਂ ਕੋਲੋਂ ਪੁੱਛਣ ਲੱਗੀ, ''ਮਾਂ, ਇਹ ਕਿਤਾਬ ਕਿਹਦੀ ਹੈ?'' ਮਾਂ ਨੇ ਜਵਾਬ ਦਿੱਤਾ, ''ਇਹ ਪ੍ਰਮੇਸ਼ਵਰ ਦੀ ਕਿਤਾਬ ਹੈ, ਇਸ ਨੂੰ ਬਾਈਬਲ ਕਹਿੰਦੇ ਹਨ।'' ਛੋਟੀ ਕੁੜੀ ਨੇ ਬੜੀ ਸਿਆਣਪ ਨਾਲ ਸਲਾਹ ਦਿੱਤੀ, ''ਅਸੀਂ ਇਸ ਨੂੰ ਓਸੇ ਕੋਲ ਕਿਉਂ ਨਹੀਂ ਭੇਜ ਦਿੰਦੇ, ਕਿਉਂਕਿ ਸਾਡੀ ਤਾਂ ਇਹ ਕਿਸੇ ਵਰਤੋਂ ਵਿਚ ਨਹੀਂ ਹੈ?''

ਹਕੀਕਤ ਇਹੀ ਹੈ ਕਿ ਅਸੀਂ ਇਸ ਨੂੰ ਪੜ੍ਹ ਤਾਂ ਲੈਂਦੇ ਹਾਂ ਪਰ ਫਿਰ ਵੀ ਅਸਲ ਵਿਚ ਇਸ ਨੂੰ ਵਰਤੋਂ ਵਿਚ ਨਹੀਂ ਲਿਆਂਉਂਦੇ। ਅਸੀਂ ਹਰ ਗੱਲਬਾਤ ਵਿਚ ਬਾਈਬਲ ਦਾ ਹਵਾਲਾ ਦੇ ਸਕਦੇ ਹਾਂ, ਹਰ ਰੋਜ਼ ਇਸ ਨੂੰ ਪੜ੍ਹ ਸਕਦੇ ਹਾਂ, ਅਤੇ ਫਿਰ ਵੀ ਇਸ ਨੂੰ ਅਮਲ ਵਿਚ ਲਿਆਉਣ ਵਿਚ ਨਾਕਾਮ ਰਹਿੰਦੇ ਹਾਂ। ਬਾਈਬਲ ਨੂੰ ਸਹੀ ਢੰਗ ਨਾਲ ਵਰਤੋਂ ਵਿਚ ਲਿਆਉਣ ਲਈ ਜ਼ਰੂਰੀ ਹੈ ਕਿ ਅਸੀਂ ਮਸੀਹ ਦੀ ਕਲੀਸੀਆ ਬਣ ਕੇ ਅਮਲੀ ਰੂਪ ਵਿਚ ਇਸ ਦੀ ਗੱਲ ਮੰਨੀਏ। ਜਦ ਅਸੀਂ ਉਹ ਬਣ ਜਾਂਦੇ ਹਾਂ, ਜੋ ਬਾਈਬਲ ਸਾਨੂੰ ਬਣਨ ਲਈ ਕਹਿੰਦੀ ਹੈ, ਤਾਂ ਹੀ ਅਸੀਂ ਇਸ ਦੀ ਸਹੀ ਅਤੇ ਯੋਗ ਵਰਤੋਂ ਕਰ ਰਹੇ ਹੁੰਦੇ ਹਾਂ।

## ਸਾਰ

ਇਸ ਲਈ ਪੂਰਾ ਨਵਾਂ ਨੇਮ ਹੀ ਇਹ ਸਿਖਾਉਣ ਲਈ ਕਿ ਕਲੀਸੀਆ ਜੋ ਮਸੀਹ ਦੀ ਆਤਮਿਕ ਦੇਹ ਹੈ, ਮਸੀਹ ਦੇ ਮਨੁੱਖ ਬਣਨ ਦੇ ਉਦੇਸ਼ ਦੀ ਪੂਰਤੀ ਹੈ। ਇੰਜੀਲ ਦੀਆਂ ਕਿਤਾਬਾਂ ਇਸ ਵਾਅਦੇ ਦੀ ਤਸਦੀਕ ਕਰਦੀਆਂ ਹਨ, ਰਸੂਲਾਂ ਦੇ ਕੰਮ ਕਿਤਾਬ ਇਸ ਦੀ ਤਸਵੀਰ ਰਾਹੀਂ ਤਸਦੀਕ ਕਰਦੀ ਹੈ ਅਤੇ ਪੱਤਰੀਆਂ ਜ਼ਿੰਦਗੀ ਵਿਚ ਅਮਲੀ ਤੌਰ ਤੇ ਲਾਗੂ ਕਰਕੇ ਫੇਰ ਤੋਂ ਇਸ ਦੀ ਤਸਦੀਕ ਕਰਦੀਆਂ ਹਨ।

ਕਿਉਂਕਿ ਨਵਾਂ ਨੇਮ ਆਖਦਾ ਹੈ ਕਿ ਜਿਹੜਾ ਸਾਡੇ ਬਚਾਉਣ ਲਈ ਜੀਵਿਆ, ਮਾਰਿਆ ਗਿਆ ਅਤੇ ਮੁਰਦਿਆਂ ਵਿੱਚੋਂ ਜੀ ਉੱਠਿਆ, ਉਸ ਨੂੰ ਕਬੂਲ ਕਰਨ ਦਾ ਢੰਗ ਉਸ ਦੀ ਕਲੀਸੀਆ ਵਿਚ ਸ਼ਾਮਲ ਹੋਣਾ ਅਤੇ ਇਸ ਦੇ ਵਿਸ਼ਵਾਸੀ ਮੈਂਬਰ ਬਣ ਕੇ ਰਹਿਣਾ ਹੀ ਹੈ, ਅਗਲਾ ਸਵਾਲ ਉੱਠਦਾ ਹੈ ਕਿ ''ਕੀ ਤੁਸੀਂ ਉਸ ਦੀ ਦੇਹ ਵਿਚ ਹੋ?'' ਜ਼ਿੰਦਗੀ ਦੇ ਅਖ਼ੀਰ ਵਿਚ ਇਹ ਵਿਚਾਰ ਕਰਨਾ ਕਿ ਤੁਸੀਂ ਜ਼ਿੰਦਗੀ ਦੇ ਉਸ ਅਸਲੀ ਮਕਸਦ ਨੂੰ ਪੂਰਾ ਕਰਨਾ ਚਾਹ ਰਹੇ ਹੋ, ਕਿੰਨੀ ਵੱਡੀ ਭੁੱਲ ਹੋਵੇਗੀ! ਸ਼ਾਇਦ ਇਸ ਤੋਂ ਵੀ ਪਰੇਸ਼ਾਨ ਕਰਨ ਵਾਲੀ ਗੱਲ ਉਸ ਮਕਸਦ ਤੋਂ ਖੁੰਝਣਾ ਹੈ ਜਿਸ ਨੂੰ ਪੂਰਾ ਕਰਨ ਲਈ ਪ੍ਰਮੇਸ਼ਵਰ ਦਾ ਪੁੱਤਰ ਧਰਤੀ ਤੇ ਆਇਆ। ਜਿੰਨੀ ਸਫ਼ਾਈ ਨਾਲ ਨਵਾਂ ਨੇਮ ਪ੍ਰਮੇਸ਼ਵਰ ਵੱਲੋਂ ਪੇਸ਼ ਕੀਤੀ ਨਜਾਤ ਦਾ ਇਲਾਹੀ ਸੰਦੇਸ਼ ਦਿੰਦਾ ਹੈ, ਜਿੰਨਾ ਯਕੀਨੀ ਤੌਰ ਤੇ ਮਸੀਹ ਇਸ ਧਰਤੀ ਤੇ ਮਨੁੱਖ ਬਣ ਕੇ ਆਇਆ, ਜੇ ਕੋਈ ਉਸਦੀ ਦੇਹ ਵਿਚ ਸ਼ਾਮਲ ਨਹੀਂ ਹੁੰਦਾ ਤਾਂ ਓਨਾ ਹੀ ਪੱਕਾ ਹੈ ਕਿ ਉਸ ਨੂੰ ਜ਼ਿੰਦਗੀ ਦੇ ਸਫ਼ਰ ਦੇ ਅਖ਼ੀਰ ਵਿਚ ਪਤਾ ਲੱਗੇਗਾ ਕਿ ਉਹ ਇਹ ਸਮਝਣ ਤੋਂ ਖੁੰਝ ਗਿਆ ਹੈ ਕਿ ਯਿਸੂ ਧਰਤੀ ਤੇ ਕਿਉਂ ਆਇਆ। ਇਹ ਨਿਚੋੜ ਪੂਰੇ ਨਵੇਂ ਨੇਮ ਦੀ ਬੁਨਿਆਦੀ ਸਿੱਖਿਆ ਹੈ।

ਆਪਣੀ ਸੰਖੇਪ ਜਿਹੀ ਜ਼ਿੰਦਗੀ ਦੇ ਅਖ਼ੀਰ ਵਿਚ ਮਸੀਹ ਕਹਿ ਸਕਦਾ ਸੀ, ''ਹੇ ਪਿਤਾ, ਜੋ ਕੁਝ ਤੂੰ ਮੈਨੂੰ ਕਰਨ ਲਈ ਕਿਹਾ ਸੀ, ਮੈਂ ਉਹ ਕਰ ਦਿੱਤਾ ਹੈ। ਮੈਂ ਉਸ ਮਕਸਦ ਨੂੰ ਪੂਰਾ ਕਰ

ਦਿੱਤਾ ਹੈ ਜੋ ਤੂੰ ਮੈਨੂੰ ਦਿੱਤਾ ਸੀ।'' ਮੇਰੇ ਲਈ ਕਿਸੇ ਮਹਿਲ ਵਿਚ ਲੰਮੀ ਉਮਰ ਭੋਗਣ, ਸੁਆਰਥੀ ਇੱਛਾਵਾਂ ਦੇ ਰਾਜ ਤੇ ਹਕੂਮਤ ਕਰਦਿਆਂ ਲੰਮੀ ਉਮਰ ਭੋਗਣ ਨਾਲੋਂ, ਪ੍ਰਮੇਸ਼ਵਰ ਦੀ ਇੱਛਾ ਵਿਚ ਉਸ ਦੇ ਮਕਸਦਾਂ ਨੂੰ ਪੂਰਾ ਕਰਦਿਆਂ ਜੀਉਣਾ ਬੇਹਤਰ ਹੈ। ਜ਼ਿੰਦਗੀ ਦੇ ਅਖ਼ੀਰ ਵਿਚ ਬਹੁਤ ਸਾਰੇ ਲੋਕ ਇਹ ਕਹਿ ਸਕਦੇ ਹਨ, ''ਹੇ ਪ੍ਰਮੇਸ਼ਵਰ, ਤੂੰ ਮੈਨੂੰ ਇਸ ਧਰਤੀ ਤੇ ਜੀਉਣ ਲਈ ਜਿੰਨਾਂ ਸਮਾਂ ਦਿੱਤਾ ਮੈਂ ਓਨਾ ਸਮਾਂ ਬਿਤਾਇਆ ਹੈ, ਅਤੇ ਮੈਂ ਉਹੀ ਕੀਤਾ ਹੈ ਜੋ ਮੇਰੇ ਦਿਲ ਨੇ ਚਾਹਿਆ। ਮੈਂ ਉਹੀ ਕੰਮ ਕੀਤਾ ਜੋ ਮੈਨੂੰ ਪਸੰਦ ਆਇਆ।''

ਜਾਂ ਇਹ ਵੀ ਹੋ ਸਕਦਾ ਹੈ ਕਿ ਜਦ ਅਸੀਂ ਜ਼ਿੰਦਗੀ ਦੇ ਅਖ਼ੀਰ ਵਿਚ ਪਹੁੰਚੀਏ ਤਾਂ ਕਹਿ ਸਕੀਏ, ''ਹੇ ਪ੍ਰਭੂ, ਜੋ ਕੁਝ ਤੂੰ ਮੈਥੋਂ ਚਾਹਿਆ ਸੀ ਕਿ ਮੈਂ ਕਰਾਂ ਅਤੇ ਬਣਾਂ, ਮੈਂ ਉਸ ਨੂੰ ਬਾਈਬਲ ਵਿੱਚੋਂ ਖੋਜ ਲਿਆ ਹੈ, ਅਤੇ ਉਸ ਮਕਸਦ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਸਮਰਪਤ ਕਰ ਦਿੱਤਾ ਹੈ। ਮੈਂ ਸੱਚੇ ਮਨ ਨਾਲ ਧਰਤੀ ਤੇ ਤੈਨੂੰ ਵਡਿਆਈ ਦੇਣ ਦੀ ਕੋਸ਼ਿਸ਼ ਕੀਤੀ, ਅਤੇ ਓਸੇ ਯੋਜਨਾ ਮੁਤਾਬਕ ਜੀਣ ਦੀ ਇੱਛਾ ਕੀਤੀ, ਜਿਹੜੀ ਤੂੰ ਬਣਾਈ ਸੀ। ਮੈਂ ਮਸੀਹ ਦੀ ਕਲੀਸੀਆ ਵਿਚ ਬਣਿਆ ਰਿਹਾ।''

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ਸੰਸਾਰ ਦੇ ਇਤਿਹਾਸ ਦੀ ਸਭ ਤੋਂ ਵੱਡੀ ਘਟਨਾ ਕਿਹੜੀ ਹੈ? ਆਪਣੇ ਜਵਾਬ ਦਾ ਕਾਰਣ ਵੀ ਦਿਓ।
2. ਯਿਸੂ ਸੰਪੂਰਣ ਮਨੁੱਖ ਸੀ ਜਾਂ ਕੁਝ ਕੁ ਮਨੁੱਖ?
3. ਯਿਸੂ ਸੰਪੂਰਣ ਪ੍ਰਮੇਸ਼ਵਰ ਸੀ ਜਾਂ ਕੁਝ ਕੁ ਪ੍ਰਮੇਸ਼ਵਰ?
4. ਯਿਸੂ ਧਰਤੀ ਤੇ ਕਿਉਂ ਆਇਆ? ਉਹ ਕਿਹੜਾ ਮਕਸਦ ਹੈ ਜਿਸ ਨੂੰ ਪੂਰਾ ਕਰਨ ਲਈ ਉਹ ਧਰਤੀ ਤੇ ਆਇਆ ਸੀ?
5. ਦੱਸੋ ਕਿ ਕਿਵੇਂ ਯਿਸੂ ਦੀ ਸੇਵਕਾਈ ਕਿਸੇ ਆਉਣ ਵਾਲੇ ਸਮੇਂ ਦੀ ਤਿਆਰੀ ਸੀ?
6. ਨਵੇਂ ਨੇਮ ਵਿਚ ਪੱਤਰੀਆਂ ਦਾ ਕੀ ਮਹੱਤਵ ਹੈ?
7. ਕੀ ਅਸੀਂ ਪ੍ਰਭੂ ਯਿਸੂ ਦੀ ਕਲੀਸੀਆ ਬਣੇ ਬਿਨਾਂ ਸੱਚਮੁੱਚ ਉਸ ਨੂੰ ਕਬੂਲ ਕਰ ਸਕਦੇ ਹਾਂ?
8. ਕੀ ਅਸੀਂ ਇਸ ਸੰਸਾਰ ਵਿਚ ਯਿਸੂ ਦੀ ਕਲੀਸੀਆ ਬਣ ਕੇ ਰਹੇ ਬਗੈਰ ਉਸ ਦੇ ਮਕਸਦ ਨੂੰ ਪੂਰਾ ਕਰ ਸਕਦੇ ਹਾਂ?

## ਸ਼ਬਦਾਂ ਦੇ ਅਰਥ

**ਉਨ੍ਹਾਂ (ਕਲੀਸੀਆ) ਵਿਚ ਰਲਾਉਂਦਾ ਸੀ**-ਕਲੀਸੀਆ ਵਿਚ ਰਲਾ ਕੇ ਪ੍ਰਮੇਸ਼ਵਰ ਦੇ ਆਗਿਆਕਾਰੀ ਲੋਕਾਂ ਵਿਚ ਮਿਲਾ ਦਿੰਦਾ ਸੀ ਜੋ ਯਿਸੂ ਦੇ ਗ੍ਰੇਟ ਕਮਿਸ਼ਨ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਹਨ, ਪ੍ਰਮੇਸ਼ਵਰ ਉਨ੍ਹਾਂ ਨੂੰ ਬਚਾਇਆਂ ਹੋਇਆਂ ਦੀ ਮੰਡਲੀ ਵਿਚ ਮਿਲਾ ਲੈਂਦਾ ਹੈ ( ਰਸੂਲਾਂ ਦੇ ਕੰਮ 2:41, 47)।

**ਮਸੀਹ ਦੀ ਕਲੀਸੀਆ (ਚਰਚ ਆਫ ਕ੍ਰਾਈਸਟ)**-ਇਮਾਰਤ ਜਾਂ ਬਿਲਡਿੰਗ ਨਹੀਂ ਸਗੋਂ ਕਲੀਸੀਆ ਨੂੰ ਕਿਹਾ ਜਾਂਦਾ ਹੈ ਜੋ ਕਿ ਖੁਸ਼ਖ਼ਬਰੀ ਨੂੰ ਮੰਨਣ ਵਾਲੇ ਲੋਕਾਂ ਦੀ ਜਮਾਤ ਜਾਂ ਮੰਡਲੀ ਹੈ ਅਤੇ ਉਨ੍ਹਾਂ ਨੂੰ ਕਲੀਸੀਆ ਵਿਚ ਮਿਲਾਇਆ ਗਿਆ ਹੈ (ਰਸੂਲਾਂ ਦੇ ਕੰਮ 2:36-47 ਵਾਂਗ)।

**ਪੱਤਰੀ**-ਕੋਈ ਚਿੱਠੀ। ਨਵੇਂ ਨੇਮ ਵਿਚ ਕਈ ਕਿਤਾਬਾਂ (ਰੋਮੀਆਂ ਤੋਂ ਪ੍ਰਕਾਸ਼ ਦੀ ਪੋਥੀ ਤਕ) ਮਸੀਹੀ ਲੋਕਾਂ ਦੇ ਨਾਂ ਲਿਖੀਆਂ ਚਿੱਠੀਆਂ ਦੇ ਰੂਪ ਵਿਚ ਲਿਖੀਆਂ ਗਈਆਂ।

**ਇੰਜੀਲ ਦਾ ਪ੍ਰਚਾਰ**-ਖੁਸ਼ਖਬਰੀ ਫੈਲਾਉਣਾ। ਮਿਸਾਲ ਦੇ ਤੌਰ ਤੇ (2 ਤਿਮੋਥਿਉਸ 4:5 ਵਿਚ) ਤਿਮੋਥਿਉਸ ਨੂੰ ਇੰਜੀਲ ਦੇ ਪ੍ਰਚਾਰ ਦਾ ਕੰਮ ਕਰਨ ਲਈ ਕਿਹਾ ਗਿਆ।

**ਗ਼ੈਰ ਜਾਂ ਪਰਾਈ ਕੌਮ**-ਜੋ ਯਹੂਦੀ ਨਹੀਂ ਹੈ।

**ਯਹੂਦੀ**-ਯਹੂਦੀ ਜਾਂ ਇਸਰਾਏਲੀ ਕੌਮ ਦੇ, ਯਾਕੂਬ ਦੇ ਰਾਹੀਂ ਅਬਰਾਹਾਮ ਦੀ ਸੰਤਾਨ।

**ਪ੍ਰਮੇਸ਼ਵਰ ਦਾ ਰਾਜ**-ਲੋਕਾਂ ਦੇ ਦਿਲਾਂ ਅਤੇ ਜ਼ਿੰਦਗੀਆਂ ਵਿਚ ਯਿਸੂ ਦੀ ਹਕੂਮਤ ਅਤੇ ਇਖ਼ਤਿਆਰ।

**ਧਾਰਮਿਕਤਾ**-ਪਾਪ ਜਾਂ ਦੋਸ਼ ਤੋਂ ਮੁਕਤ ਹੋਣਾ। ਕਿਉਂਕਿ ਮਨੁੱਖ ਅਜਿਹਾ ਖ਼ੁਦ ਨਹੀਂ ਬਣ ਸਕਦਾ, ਇਸ ਲਈ ''ਧਰਮੀ'' ਹੋਣ ਤੋਂ ਭਾਵ ਪ੍ਰਮੇਸ਼ਵਰ ਤੋਂ ਮਾਫ਼ੀ ਪਾਉਣਾ ਅਤੇ ਸਭ ਪਾਪਾਂ ਤੋ ਸ਼ੁੱਧ ਹੋ ਕੇ ਪ੍ਰਮੇਸ਼ਵਰ ਦੇ ਸਾਹਮਣੇ ਨਿਰਦੋਸ਼ ਜਾਂ ਬੇਕਸੂਰ ਠਹਿਰਨਾ ਹੈ। ਇਕ ਮਸੀਹੀ ਹਰ ਰੋਜ਼ ਪ੍ਰਮੇਸ਼ਵਰ ਦੇ ਵਚਨ ਦੇ ਅਨੁਸਾਰ ਜ਼ਿੰਦਗੀ ਬਸਰ ਕਰਕੇ ਉਹਦੇ ਨਾਲ ਆਪਣੇ ਸਹੀ ਸਬੰਧ ਨੂੰ ਵਿਖਾਉਂਦਾ ਹੈ।

---

ਟਿੱਪਣੀ

[1]ਮੱਤੀ 9:30; 12:16; 17:9; ਮਰਕੁਸ 1:44; 3:12; 5:43; 7:36; 8:30; 9:9; ਲੂਕਾ 4:41; 8:56; 9:21 ਵੀ ਵੇਖੋ।